**ਮਿਤੀ 06-12-2022 ਨੂੰ ਦਰਜ ਹੋਏ ਮੁਕੱਦਮੇ**

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 99<br>ਮਿਤੀ:06-12-22<br>ਜੁਰਮ:354ਏ,354ਡੀ, 509,341, ਆਈ.ਪੀ.ਸੀ<br>ਥਾਣਾ:- ਨਵਾਂ ਗਰਾਓਂ | ਅਨੁਪਮ ਕੁਮਾਰੀ ਪਤਨੀ ਰਣਜੀਤ ਕੁਮਾਰ ਝਾ ਵਾਸੀ ਮਕਾਨ ਨੰ.ਬੀ-091144/12 ਦਸ਼ਮੇਸ਼ ਨਗਰ ਨਵਾਂ ਗਰਾਓਂ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 25 ਸਾਲ<br>99154-38898 | ਨਵੀਨ ਚੰਦ ਪੁੱਤਰ ਨੰਦਾ ਬੱਲਬ ਵਾਸੀ ਮਕਾਨ ਨੰ. 091144/03 ਦਸ਼ਮੇਸ਼ ਨਗਰ ਨਵਾਂ ਗਰਾਓਂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦੀ ਰਹਿਣ ਵਾਲੀ ਹਾਂ। ਮੇਰੇ ਘਰ ਦੇ ਸਾਹਮਣੇ ਉਕਤ ਦੋਸ਼ੀ ਦਾ ਘਰ ਹੈ। ਜੋ ਮੈਨੂੰ ਆਪਣੇ ਘਰ ਦੀ ਛੱਤ ਤੋਂ ਜਦੋਂ ਵੀ ਮੈਂ ਕੋਈ ਕੰਮ ਲਈ ਆਪਣੇ ਘਰ ਦੀ ਛੱਤ ਤੇ ਜਾਂਦੀ ਹਾਂ ਤਾਂ ਮੈਨੂੰ ਗਲਤ ਨਜ਼ਰ ਨਾਲ ਦੇਖਦਾ ਹੈ ਗਲਤ ਇਸ਼ਾਰੇ ਅਤੇ ਗਲਤ ਕੁਮੈਂਟ ਬਾਜੀ ਕਰਦਾ ਹੈ। ਮਿਤੀ 02-12-22 ਨੂੰ ਮੈਂ ਆਪਣੇ ਘਰ ਤੋਂ ਮਾਰਕੀਟ ਜਾ ਰਹੀ ਸੀ ਤਾਂ ਇਸਨੇ ਮੇਰਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਜਦੋਂ ਮੈਂ ਢਿੱਲੋਂ ਫਾਰਮ ਦੇ ਨਜਦੀਕ ਪੁੱਜੀ ਤਾਂ ਉਕਤ ਦੋਸ਼ੀ ਮੈਨੂੰ ਜਬਰਦਸਤੀ ਰੋਕ ਕੇ ਗਾਲੀ ਗਲੋਚ ਕਰਨ ਲੱਗ ਪਿਆ। ਮਿਤੀ 05-12-22 ਨੂੰ ਜਦੋਂ ਮੈਂ ਆਪਣੇ ਕੰਮ ਤੋਂ ਘਰ ਨੂੰ ਆ ਰਹੀ ਸੀ ਤਾਂ ਉਕਤ ਦੋਸ਼ੀ ਨੇ ਮੈਨੂੰ ਗੋਇਲ ਬੇਕਰੀ ਪਾਸ ਰੋਕ ਕੇ ਫਿਰ ਕੁਮੈਂਟਬਾਜੀ ਕੀਤੀ। ਮੈਂ ਘਰ ਆ ਕੇ ਸਾਰੀ ਗੱਲ ਦੱਸੀ ਅਤੇ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ: 176<br>ਮਿਤੀ:06-12-22<br>ਜੁਰਮ:21-61-85 ਐਨ.ਡੀ.ਪੀ.ਐਸ ਐਕਟ<br>ਥਾਣਾ:- ਫੇਸ-8 ਮੋਹਾਲੀ | ਸ.ਥ.ਭੁਪਿੰਦਰ ਸਿੰਘ<br>ਥਾਣਾ ਫੇਸ-8 ਮੋਹਾਲੀ<br>98155-38427 | ਵਿਜੇ ਕੁਮਾਰ ਪੁੱਤਰ ਪਵਨ ਦੇਵ ਵਾਸੀ ਮੁਹੱਲਾ ਨਾਭਾ ਗੇਟ ਸੰਗਰੂਰ ਜਿਲਾ ਸੰਗਰੂਰ ਹਾਲ ਵਾਸੀ ਗਿਲਕੋ ਵੈਲੀ ਨੇੜੇ ਗੁੱਗਾ ਮਾੜੀ ਖਰੜ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਸਟੈਂਡ ਫੇਸ-8 ਮੋਹਾਲੀ ਮੌਜੂਦ ਸੀ ਤਾਂ ਇੱਕ ਮੋਟਰ ਸਾਈਕਲ ਨੰਬਰੀ ਪੀ.ਬੀ-06ਐਨ-1399 ਫੇਸ-9 ਮੋਹਾਲੀ ਦੀ ਤਰਫੋਂ ਆਉਂਦਾ ਦਿਖਾਈ ਦਿੱਤਾ ਜਿਸ ਦਾ ਚਾਲਕ ਪੁਲਿਸ ਪਾਰਟੀ ਨੂੰ ਦੇਖ ਕੇ ਇੱਕਦਮ ਮੋਟਰ ਸਾਈਕਲ ਪਿੱਛੇ ਨੂੰ ਮੋੜਨ ਲੱਗਾ ਜਿਸ ਨੂੰ ਮਨ ਸ.ਥ. ਨੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕੀਤਾ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਕੀਤੀ। ਜਿਸ ਪਾਸੋਂ **12 ਗ੍ਰਾਮ ਹੈਰੋਇਨ** ਬਰਾਮਦ ਹੋਈ। |
| 3 | ਮੁਕੱਦਮਾ ਨੰ:512<br>ਮਿਤੀ:06-12-22<br>ਜੁਰਮ:379, ਆਈ.ਪੀ.ਸੀ<br>ਥਾਣਾ:- ਸੋਹਾਣਾ | ਨਰੇਸ਼ ਕੁਮਾਰ ਪੁੱਤਰ ਨਾਨਕ ਚੰਦ ਵਾਸੀ ਮਕਾਨ ਨੰ.1260 ਨੇੜੇ ਵਿਕਾਸ ਕਲੋਨੀ ਰਾਜਪੁਰਾ ਜਿਲਾ ਪਟਿਆਲਾ, ਉਮਰ 72 ਸਾਲ<br>84379-61715 | ਕਰਮਜੀਤ ਸਿੰਘ ਉਰਫ ਕੰਮਾ ਪੁੱਤਰ ਟਹਿਲ ਸਿੰਘ ਵਾਸੀ ਪਿੰਡ ਜਨਸੂਈ ਜਿਲਾ ਪਟਿਆਲਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 26-11-22 ਨੂੰ ਮੈਂ ਆਪਣਾ ਕੈਂਟਰ ਨੰਬਰੀ ਪੀ.ਬੀ-11ਬੀ.ਵਾਈ-8563 ਜਿਸ ਵਿੱਚ ਕੈਟਰਿੰਗ ਦਾ ਸਮਾਨ ਸੀ, ਵਕਤ ਕਰੀਬ 05:30ਪੀ.ਐਮ ਪਰ ਪਿੰਡ ਤੰਗੋਰੀ ਪਲਾਜ਼ੋ ਰਿਜ਼ੋਰਟ ਦੇ ਅੰਦਰ ਖੜਾ ਕਰਕੇ ਆਪਣੇ ਘਰ ਚਲਾ ਗਿਆ ਸੀ। ਜਦੋਂ ਮੈਂ ਅਗਲੇ ਦਿਨ ਮਿਤੀ 27-11-22 ਨੂੰ ਰਿਜ਼ੋਰਟ ਵਿੱਚ ਜਾ ਕੇ ਦੇਖਿਆ ਤਾਂ ਮੇਰਾ ਕੈਂਟਰ ਉੱਥੇ ਨਹੀਂ ਸੀ। ਜਿਸ ਦੀ ਮੈਂ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਤਾਂ ਮੈਨੂੰ ਹੁਣ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਨੇ ਮੇਰਾ ਕੈਂਟਰ ਚੋਰੀ ਕੀਤਾ ਹੈ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 4 | ਮੁਕੱਦਮਾ ਨੰ: 513<br>ਮਿਤੀ:06-12-22<br>ਜੁਰਮ:279,337,427,<br>ਆਈ.ਪੀ.ਸੀ<br>ਥਾਣਾ:-ਸੋਹਾਣਾ | ਮਨਜੀਤ ਸਿੰਘ ਪੁੱਤਰ ਜਸਮੇਰ ਸਿੰਘ ਵਾਸੀ ਪਿੰਡ ਦੇਵੀਨਗਰ ਅਬਰਾਵਾਂ ਥਾਣਾ ਬਨੂੜ ਜਿਲਾ ਐਸ.ਏ.ਐਸ.ਨਗਰ<br>ਉਮਰ 37 ਸਾਲ<br>94646-53978 | ਮੋਟਰ ਸਾਈਕਲ ਨੰਬਰੀ ਪੀ.ਬੀ-23ਜੇ-6124 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਪ੍ਰਾਈਵੇਟ ਟੈਕਸੀ ਚਲਾਉਂਦਾ ਹਾਂ। ਮੇਰਾ ਵੱਡਾ ਭਰਾ ਵਿਕਰਮਜੀਤ ਸਿੰਘ ਜੋ ਸ੍ਰੀ ਹਰਕ੍ਰਿਸ਼ਨ ਸਾਹਿਬ ਹਸਪਤਾਲ ਸੋਹਾਣਾ ਵਿਖੇ ਨੌਕਰੀ ਕਰਦਾ ਹੈ। ਮਿਤੀ 01-12-22 ਨੂੰ ਮੇਰਾ ਭਰਾ ਵਿਕਰਮਜੀਤ ਸਿੰਘ ਆਪਣੇ ਮੋਟਰ ਸਾਈਕਲ ਨੰਬਰੀ ਪੀ.ਬੀ-65ਐਨ-0738 ਪਰ ਸਵਾਰ ਹੋ ਕੇ ਆਪਣੀ ਡਿਊਟੀ ਜਾ ਰਿਹਾ ਸੀ ਮੈਂ ਵੀ ਆਪਣੀ ਕਾਰ ਪਰ ਉਸਦੇ ਪਿੱਛੇ ਜਾ ਰਿਹਾ ਸੀ। ਤਾਂ ਵਕਤ ਕਰੀਬ 08:30ਏ.ਐਮ ਪਰ ਜਦੋਂ ਮੇਰਾ ਭਰਾ ਪਿੰਡ ਗੁਡਾਣਾ ਦਾ ਚੁਰਸਤਾ ਪਾਰ ਕਰ ਰਿਹਾ ਸੀ ਤਾਂ ਪਿੰਡ ਢੇਲਪੁਰ ਵਾਲੀ ਸਾਈਡ ਤੋਂ ਦੋ ਵਿਅਕਤੀ ਮੋਟਰ ਸਾਈਕਲ ਨੰ. ਪੀ.ਬੀ-23ਜੇ-6124 ਤੇ ਬੜੀ ਤੇਜ਼ ਰਫਤਾਰੀ ਨਾਲ ਆ ਰਹੇ ਸੀ ਜਿਸ ਦੇ ਚਾਲਕ ਨੇ ਬੜੀ ਅਣਗਹਿਲੀ ਨਾਲ ਆਪਣਾ ਮੋਟਰ ਸਾਈਕਲ ਮੇਰੇ ਭਰਾ ਦੇ ਮੋਟਰ ਸਾਈਕਲ ਵਿੱਚ ਮਾਰਿਆ ਜਿਸ ਕਾਰਨ ਮੇਰੇ ਭਰਾ ਦੇ ਕਾਫੀ ਜਿਆਦਾ ਸੱਟਾਂ ਲੱਗੀਆਂ। ਮੈਂ ਰਾਹਗੀਰਾਂ ਦੀ ਮੱਦਦ ਨਾਲ ਆਪਣੇ ਭਰਾ ਨੂੰ ਗੱਡੀ ਵਿੱਚ ਪਾ ਕੇ ਸ੍ਰੀ ਹਰਕ੍ਰਿਸ਼ਨ ਸਾਹਿਬ ਹਸਪਤਾਲ ਸੋਹਾਣਾ ਵਿਖੇ ਲੈ ਕੇ ਗਿਆ ਜਿੱਥੇ ਉਹ ਜੇਰ ਇਲਾਜ ਹੈ। |
| 5 | ਮੁਕੱਦਮਾ ਨੰ: 244<br>ਮਿਤੀ:06-12-22<br>ਜੁਰਮ:379,411,<br>ਆਈ.ਪੀ.ਸੀ<br>ਥਾਣਾ:- ਸਦਰ ਖਰੜ | ਸ.ਥ.ਰਣਜੀਤ ਸਿੰਘ<br>ਥਾਣਾ ਘੜੂੰਆਂ<br>98765-16357 | 1) ਹਰਸ਼ਦੀਪ ਸਿੰਘ ਉਰਫ ਜੋਨੂ ਪੁੱਤਰ ਜਸਮੇਰ ਸਿੰਘ ਵਾਸੀ ਪਿੰਡ ਭਾਗੋ ਮਾਜਰਾ ਥਾਣਾ ਸਦਰ ਖਰੜ<br>2) ਸ਼ਮਸੇਰ ਸਿੰਘ ਉਰਫ ਸ਼ੇਰਾ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਬੱਤਾ ਥਾਣਾ ਸਦਰ ਖਰੜ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸ਼ਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਸਟੈਂਡ ਘੜੂੰਆਂ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀਆਨ ਮੋਟਰ ਸਾਈਕਲ ਚੋਰੀ ਕਰਨ ਦੇ ਆਦਿ ਹਨ। ਜੋ ਅੱਜ ਵੀ ਖਰੜ ਸਾਈਡ ਤੋਂ ਚੋਰੀ ਕੀਤਾ ਮੋਟਰ ਸਾਈਕਲ ਬਿਨਾਂ ਨੰਬਰੀ ਮਾਰਕਾ ਸਪਲੈਂਡਰ ਤੇ ਸਵਾਰ ਹੋ ਕੇ ਵੇਚਣ ਦੀ ਨੀਯਤ ਨਾਲ ਘੜੂੰਆਂ ਸਾਈਡ ਨੂੰ ਆ ਰਹੇ ਹਨ। ਜੇਕਰ ਹੁਣੇ ਹੀ ਪਿੰਡ ਰੁੜਕੀ ਪੁਖਤਾ ਕੱਟ ਤੇ ਨਾਕਾਬੰਦੀ ਕੀਤੀ ਜਾਵੇ ਤਾਂ ਉਕਤ ਦੋਵੇਂ ਦੋਸ਼ੀ ਚੋਰੀ ਦੇ ਮੋਟਰ ਸਾਈਕਲ ਸਮੇਤ ਕਾਬੂ ਆ ਸਕਦੇ ਹਨ। ਇਤਲਾਹ ਪੱਕੀ ਤੇ ਭਰੋਸੇਯੋਗ ਹੈ। |
| 6 | ਮੁਕੱਦਮਾ ਨੰ: 350<br>ਮਿਤੀ:06-12-22<br>ਜੁਰਮ:323,341,<br>ਆਈ.ਪੀ.ਸੀ<br>ਥਾਣਾ:- ਸਿਟੀ ਖਰੜ | ਰਜਿੰਦਰ ਕੁਮਾਰ ਪੁੱਤਰ ਬੰਤ ਰਾਮ ਵਾਸੀ ਮਕਾਨ ਨੰ.3336 ਤਰਖਾਣਾਂ ਵਾਲਾ ਮੁਹੱਲਾ ਖਰੜ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 36 ਸਾਲ<br>94173-39696 | ਮੰਨੂ ਵਾਸੀ ਪਿੰਡ ਬਡਾਲਾ ਥਾਣਾ ਸਦਰ ਖਰੜ ਜਿਲਾ ਐਸ.ਏ.ਐਸ.ਨਗਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਗਰਮੀਤ ਮੋਟਰਾ ਦਿੱਲੀ ਮੋਟਰ ਖਾਨਪੁਰ ਖਰੜ ਵਿਖੇ ਦੁਕਾਨ ਤੇ ਪੇਂਟਰ ਦਾ ਕੰਮ ਕਰਦਾ ਹਾਂ। ਮੈਂ ਉਕਤ ਦੋਸ਼ੀ ਮੰਨੂ ਦੀ ਇਨੋਵਾ ਕਾਰ ਦਾ ਪੇਂਟ ਦਾ ਕੰਮ ਜੂਨ 2022 ਵਿੱਚ ਕੀਤਾ ਸੀ ਜਿਸ ਦਾ ਖਰਚ 1900/- ਰੁਪਏ ਬਣਦਾ ਸੀ ਜਿਸ ਦੇ 10000/- ਰੁਪਏ ਮੰਨੂ ਨੇ ਅਦਾ ਕਰ ਦਿੱਤੇ ਸਨ ਅਤੇ 9000/-ਰੁਪਏ ਬਾਕੀ ਸਨ। ਮਿਤੀ 01-12-22 ਨੂੰ ਮੰਨੂ ਇੱਕ ਕਾਰ ਡਿਜਾਇਰ ਨੂੰ ਪੇਂਟ ਦਾ ਕੰਮ ਕਰਵਾਉਣ ਲਈ ਮੇਰੀ ਦੁਕਾਨ ਤੇ ਆਇਆ ਸੀ ਜਿਸ ਨੂੰ ਮੈਂ ਕਿਹਾ ਕਿ ਪਹਿਲਾਂ ਮੇਰੇ ਰਹਿੰਦੇ ਪੈਸੇ ਦੇ ਦਵੇ ਤਾਂ ਮੈਂ ਤੇਰੀ ਕਾਰ ਪੇਂਟ ਕਰਾਂਗਾ। ਜਿਸ ਕਰਕੇ ਮੰਨੂੰ ਇੱਕਦਮ ਤਹਿਸ ਵਿੱਚ ਆ ਗਿਆ ਅਤੇ ਦੁਕਾਨ ਅੰਦਰ ਜਾ ਕੇ ਲੋਹੇ ਦੀ ਰਾੜ ਚੁੱਕ ਕੇ ਲੈ ਕੇ ਆਇਆ ਅਤੇ ਮੇਰੇ ਤੇ ਵਾਰ ਕੀਤਾ। ਮੈਂ ਬਚਾਅ ਲਈ ਆਪਣੀ ਬਾਂਹ ਅੱਗੇ ਕੀਤੀ ਜਿਸ ਕਾਰਨ ਮੇਰੀ ਬਾਂਹ ਟੁੱਟ ਗਈ। ਜਦੋਂ ਮੈਂ ਸਾਈਡ ਹੋ ਗਿਆ ਤਾਂ ਮੰਨੂ ਨੇ ਮੈਨੂੰ ਦੂਜੀ ਸਾਈਡ ਤੋਂ ਘੇਰਨ ਦੀ ਕੋਸ਼ਿਸ਼ ਕੀਤੀ। ਮੌਕੇ ਤੇ ਮੇਰੇ ਦੋਸਤ ਸੁਖਵਿੰਦਰ ਤੇ ਗਰਮੀਤ ਸਿੰਘ ਨੇ ਮੈਨੂੰ ਉਕਤ ਪਾਸੋਂ ਛੁਡਾਇਆ ਅਤੇ ਸਿਵਲ ਹਸਪਤਾਲ ਖਰੜ ਵਿਖੇ ਦਾਖਲ ਕਰਵਾਇਆ ਜਿੱਥੇ ਮੈਂ ਜੇਰੇ ਇਲਾਜ ਹਾਂ। |
| 7 | ਮੁਕੱਦਮਾ ਨੰ: 75<br>ਮਿਤੀ:06-12-22<br>ਜੁਰਮ:323,341,506,<br>148,149,<br>ਆਈ.ਪੀ.ਸੀ<br>ਥਾਣਾ:- ਸਦਰ ਕੁਰਾਲੀ | ਮਨਮੋਹਣ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਸੁਹਾਲੀ ਥਾਣਾ ਸਦਰ ਕੁਰਾਲੀ ਜਿਲਾ ਐਸ.ਏ.ਐਸ ਨਗਰ<br>ਉਮਰ ਕਰੀਬ 37 ਸਾਲ<br>86994-11001 | 1) ਜਸਬੀਰ ਸਿੰਘ ਪੁੱਤਰ ਮਹਿੰਦਰ ਸਿੰਘ<br>2) ਕਾਲੂ ਪੁੱਤਰ ਜਸਬੀਰ ਸਿੰਘ ਵਾਸੀਆਨ ਪਿੰਡ ਸੁਹਾਲੀ<br>ਅਤੇ 03/04 ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਮਿਤੀ 05-12-22 ਨੂੰ ਵਕਤ ਕਰੀਬ 05:00 ਪੀ.ਐਮ ਪਰ ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਫੇਸ-8 ਮੋਹਾਲੀ ਵਿਖੇ ਆਪਣੀ ਡਿਊਟੀ ਖਤਮ ਕਰਕੇ ਆਪਣੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਆਪਣੇ ਘਰ ਪਿੰਡ ਸੁਹਾਲੀ ਨੂੰ ਆ ਰਿਹਾ ਸੀ ਤਾਂ ਜਦੋਂ ਮੈਂ ਪਿੰਡ ਅੱਲਾਪੁਰ ਤੋਂ ਸਾਡੇ ਪਿੰਡ ਆਉਂਦੀ ਲਿੰਕ ਰੋਡ ਪਰ ਪੁੱਜਾ ਤਾਂ ਉਕਤਾਨ ਦੋਸ਼ੀਆਨ ਨੇ ਇੱਕਦਮ ਮੇਰੇ ਮੋਟਰ ਸਾਈਕਲ ਅੱਗੇ ਆ ਕੇ ਮੈਨੂੰ ਘੇਰ ਲਿਆ। ਜਸਬੀਰ ਸਿੰਘ ਨੇ ਆਪਣੇ ਹੱਥ ਵਿੱਚ ਫੜਿਆ ਡੰਡਾ ਮੇਰੇ ਮੂੰਹ ਤੇ ਮਾਰਿਆ ਜਿਸ ਕਾਰਨ ਮੈਂ ਸਮੇਤ ਮੋਟਰ ਸਾਈਕਲ ਸੜਕ ਤੇ ਡਿੱਗ ਪਿਆ। ਫਿਰ ਸਾਰਿਆਂ ਨੇ ਮਿਲ ਕੇ ਡੰਡਿਆਂ ਨਾਲ ਮੇਰੀ ਕੁੱਟਮਾਰ ਕੀਤੀ। ਜਦੋਂ ਮੈਂ ਮਾਰਤਾ ਮਾਰਤਾ ਦਾ ਰੌਲਾ ਪਾਇਆ ਤਾਂ ਮੇਰੇ ਪਿੰਡ ਸਾਈਡ ਤੋਂ ਔਰਤਾਂ ਆ ਰਹੀਆਂ ਸੀ ਜਿਹਨਾਂ ਨੂੰ ਦੇਖ ਕੇ ਉਕਤਾਨ ਦੋਸ਼ੀਆਨ ਆਪਣੇ ਮੋਟਰ ਸਾਈਕਲਾਂ ਤੇ ਸਵਾਰ ਹੋ ਕੇ ਫਰਾਰ ਹੋ ਗਏ। ਮੇਰੇ ਭਰਾ ਹਰਦੀਪ ਸਿੰਘ ਨੇ ਮੈਨੂੰ ਸਿਵਲ ਹਸਪਤਾਲ ਕੁਰਾਲੀ ਵਿਖੇ ਦਾਖਲ ਕਰਵਾਇਆ ਜਿੱਥੇ ਮੈਂ ਜੇਰੇ ਇਲਾਜ ਹਾਂ। |

| | | | | |
|---|---|---|---|---|
| 8 | ਮੁਕੱਦਮਾ ਨੰ: 130<br>ਮਿਤੀ:06-12-22<br>ਜੁਰਮ:420,467,468,<br>471,120ਬੀ,<br>ਆਈ.ਪੀ.ਸੀ<br>ਥਾਣਾ:- ਮੁੱਲਾਂਪੁਰ | ਅਨਿਲ ਕੁਮਾਰ ਵਸ਼ਿਸ਼ਟ ਪੁੱਤਰ ਲੇਟ ਆਰ.ਡੀ.ਵਸ਼ਿਸ਼ਟ ਵਾਸੀ ਮਕਾਨ ਨੰ.657 ਸੈਕ:41ਏ ਚੰਡੀਗੜ੍ਹ<br>98550-81657 | 1) ਲੋਕੇਸ਼ ਕੁਮਾਰ ਪੁੱਤਰ ਮੰਗਾ ਰਾਮ ਵਾਸੀ ਮਕਾਨ ਨੰ.591ਏ ਜਨਤਾ ਕਲੋਨੀ ਨਵਾਂ ਗਰਾਓਂ<br>2) ਇਕਬਾਲ ਸਿੰਘ ਪੁੱਤਰ ਸੰਪੂਰਣ ਸਿੰਘ ਵਾਸੀ ਪਿੰਡ ਮਹਿਰੌਲੀ ਥਾਣਾ ਮਾਜਰੀ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 1839/ਪੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 27-12-21 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਦ/ਕਰਤਾਵਾਂ ਅਨਿਲ ਕਮਾਰ, ਅਦਿਤਿਆ ਕਾਸਲ, ਦਿਨੇਸ਼ ਸ਼ੁਕਲਾ, ਅਤੇ ਓਜਸ ਨਾਲ ਉਕਤ ਦੋਸ਼ੀਆਨ ਨੇ ਬੂਥਾਂ ਦੀ ਖਰੀਦ ਕਰਨ ਨੂੰ ਲੈ ਕੇ ਜਰਨੈਲ ਸਿੰਘ ਦਾ ਜਾਅਲੀ ਮੁਖਤਿਆਰਨਾਮਾ ਅਤੇ ਜਾਅਲੀ ਅਧਾਰ ਕਾਰਡ ਬਣਾ ਕੇ ਸੋਚੀ ਸਮਝੀ ਸਾਜਿਸ਼ ਤਹਿਤ ਕੁੱਲ 76ਲੱਖ ਰੁਪਏ ਦੀ ਠੱਗੀ ਮਾਰੀ ਹੈ। ਦਰਖਾਸਤ ਦੀ ਪੜਤਾਲ ਉਪ ਕਪਤਾਨ ਪੁਲਿਸ ਪੀ.ਬੀ.ਆਈ ਹਫ ਵੱਲੋਂ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ.ਐਸ.ਪੀ. ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 9 | ਮੁਕੱਦਮਾ ਨੰ: 131<br>ਮਿਤੀ:06-12-22<br>ਜੁਰਮ:4(1),21(1),<br>ਮਾਈਨਿੰਗ ਐਕਟ 1957<br>ਥਾਣਾ:- ਮੁੱਲਾਂਪੁਰ | ਸ.ਥ. ਦਲਵਿੰਦਰ ਸਿੰਘ<br>ਥਾਣਾ ਮੁੱਲਾਂਪੁਰ<br>80546-01234 | ਇਕਬਾਲ ਸਿੰਘ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਸਿਆਮੀਪੁਰ ਟੱਪਰੀਆਂ ਜਿਲਾ ਐਸ.ਏ.ਐਸ ਨਗਰ | ਅੱਜ ਮਨ ਸ.ਥ. ਬਤੌਰ ਡਿਊਟੀ ਅਫਸਰ ਥਾਣਾ ਹਾਜਰ ਸੀ ਤਾਂ ਮੁੱਖ ਮੁਨਸ਼ੀ ਨੇ 112 ਕਾਲ ਸਬੰਧੀ ਜਾਣੂ ਕਰਵਾਇਆ ਕਿ ਪਿੰਡ ਸਿਆਮੀਪੁਰ ਟੱਪਰੀਆਂ ਵਿੱਚ ਨਜਾਇਜ਼ ਮਾਈਨਿੰਗ ਹੋ ਰਹੀ ਹੈ। ਜਿਸ ਤੇ ਮਨ ਸ.ਥ. ਸਮੇਤ ਸਾਥੀ ਕਰਮਚਾਰੀਆਂ ਦੇ ਗੁਰੂਦੁਆਰਾ ਸਾਹਿਬ ਪਿੰਡ ਸਿਆਮੀਪੁਰ ਟੱਪਰੀਆਂ ਪੁੱਜਾ ਤਾਂ ਨਦੀ ਸਾਈਡ ਤੋਂ ਰੇਤਾ ਲੋਡ ਟਰੈਕਟਰ ਟਰਾਲੀ ਆਈ। ਜਿਸ ਨੂੰ ਰੋਕ ਕੇ ਚੈੱਕ ਕੀਤਾ ਗਿਆ। ਜਿਸ ਦਾ ਚਾਲਕ ਲੋਡ ਰੇਤੇ ਸਬੰਧੀ ਕੋਈ ਵੀ ਪਰਮਿਟ ਜਾਂ ਮੰਨਜੂਰੀ ਪੇਸ਼ ਨਹੀਂ ਕਰ ਸਕਿਆ। ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 10 | ਮੁਕੱਦਮਾ ਨੰ: 483<br>ਮਿਤੀ:06-12-22<br>ਜੁਰਮ:20-61-85<br>ਐਨ.ਡੀ.ਪੀ.ਐਸ ਐਕਟ<br>ਥਾਣਾ:- ਜ਼ੀਰਕਪੁਰ | ਅਮਨਦੀਪ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਮਕਾਨ ਨੰ.153 ਗਰਾਊਂਡ ਫਲੋਰ ਡਰੀਮ ਹੋਮਜ ਕ੍ਰਿਸ਼ਨਾ ਇੰਨਕਲੇਵ ਢਕੋਲੀ ਜਿਲਾ ਐਸ.ਏ.ਐਸ ਨਗਰ<br>73555-55543 | 1) ਲਵਕੁਸ਼ ਵਾਸੀ ਨਾਭਾ ਸਾਹਿਬ ਜੀਰਕਪੁਰ<br>2) ਜਸਵੀਰ ਸਿੰਘ ਉਰਫ ਜੱਸੀ ਵਾਸੀ ਅੰਬਾਲਾ ਹਰਿਆਣਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਨਸ਼ਿਆਂ ਦੇ ਵਿਰੁੱਧ ਐਨ.ਜੀ.ਓ ਚਲਾਉਂਦਾ ਹਾਂ। ਅੱਜ ਅਸੀਂ ਆਪਣੇ ਵਾਲੰਟੀਅਰਾਂ ਅਤੇ ਮੈਡੀਕਲ ਟੀਮ ਸਮੇਤ ਨਸ਼ਿਆਂ ਵਿਰੁੱਧ ਡਰਾਈਵ ਵਿੱਚ ਸ਼ਾਮਿਲ ਸੀ ਤਾਂ ਰੈਡੀਸਨ ਹੋਟਲ ਦੇ ਸਾਹਮਣੇ ਸਿਗਰੇਟ/ਤੰਬਾਕੂ ਦੇ ਖੋਖੇ ਪਾਸ ਦੋ ਸ਼ੱਕੀ ਵਿਅਕਤੀ ਦਿਖਾਈ ਦਿੱਤੇ। ਪੜਤਾਲ ਕਰਨ ਤੇ ਉਹਨਾਂ ਪਾਸੋਂ 13 ਪੁੜੀਆਂ ਸੁਲਫੇ ਦੀਆਂ ਬਰਾਮਦ ਹੋਈਆਂ। ਜਿਹਨਾਂ ਸਬੰਧੀ ਤੁਰੰਤ ਥਾਣਾ ਇਤਲਾਹ ਦਿੱਤੀ ਅਤੇ ਮੌਕੇ ਤੇ ਪੁਲਿਸ ਪਾਰਟੀ ਨੇ ਪਹੁੰਚ ਕੇ ਪੁੜੀਆਂ ਖੋਲ ਕੇ ਚੈੱਕ ਕੀਤੀਆਂ ਜਿਹਨਾਂ ਵਿੱਚੋਂ **18 ਗ੍ਰਾਮ ਸੁਲਫਾ** ਬਰਾਮਦ ਹੋਇਆ। ਉਕਤ ਦੋਸ਼ੀਆਨ ਨੂੰ ਮੌਕੇ ਤੇ ਪੁਲਿਸ ਪਾਰਟੀ ਦੇ ਹਵਾਲੇ ਕੀਤਾ ਗਿਆ। |
| 11 | ਮੁਕੱਦਮਾ ਨੰ:381<br>ਮਿਤੀ:06-12-22<br>ਜੁਰਮ: 363,366ਏ,<br>ਆਈ.ਪੀ.ਸੀ<br>ਥਾਣਾ:-ਡੇਰਾਬਸੀ | ਨੰਦ ਲਾਲ ਪੁੱਤਰ ਬੁੱਧਾ ਵਾਸੀ ਪਿੰਡ ਕਿਰਤਾਪੁਰ ਜਿਲਾ ਸੀਤਾਪੁਰ ਯੂ.ਪੀ. ਹਾਲ ਵਾਸੀ ਕਿਰਾਏਦਾਰ ਮਹਿੰਦਰ ਗਰਗ ਪਿੰਡ ਸੈਦਪੁਰ ਥਾਣਾ ਡੇਰਾਬਸੀ ਜਿਲਾ ਐਸ.ਏ.ਐਸ.ਨਗਰ<br>76269-54988 | ਨਾ-ਮਾਲਮ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਮੇਰੇ ਪਾਸ 04 ਬੱਚੇ ਹਨ। ਮੇਰੀ ਲੜਕੀ ਨੀਲਮ ਦੇਵੀ ਉਮਰ ਕਰੀਬ 15 ਸਾਲ ਹੈ ਜੋ ਘਰ ਵਿੱਚ ਹੀ ਘਰੇਲੂ ਕੰਮਕਾਰ ਕਰਦੀ ਹੈ। ਮਿਤੀ 01-12-22 ਨੂੰ ਮੈਂ ਆਪਣੇ ਪਰਿਵਾਰ ਸਮੇਤ ਰਾਤ ਨੂੰ ਖਾਣਾ ਖਾ ਕੇ ਸੌਂ ਗਿਆ ਸੀ ਜਦੋਂ ਅਸੀਂ ਮਿਤੀ 02-12-22 ਨੂੰ ਸਵੇਰੇ ਉੱਠ ਕੇ ਦੇਖਿਆ ਤਾਂ ਮੇਰੀ ਲੜਕੀ ਨੀਲਮ ਦੇਵੀ ਘਰ ਵਿੱਚ ਨਹੀਂ ਸੀ। ਜਿਸ ਦੀ ਮੈਂ ਅਤੇ ਮੇਰੇ ਪਰਿਵਾਰਕ ਮੈਂਬਰਾਂ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦੇ ਰਹੇ ਜਿਸ ਬਾਰੇ ਕੁੱਝ ਵੀ ਪਤਾ ਨਹੀਂ ਲੱਗਾ। ਮੈਨੂੰ ਪੂਰਾ ਸ਼ੱਕ ਹੈ ਕਿ ਕੋਈ ਨਾ-ਮਾਲੂਮ ਵਿਅਕਤੀ ਮੇਰੀ ਲੜਕੀ ਨੂੰ ਵਰਗਲਾ ਫੁਸਲਾ ਕੇ ਵਿਆਹ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਿਆ ਹੈ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 12 | ਮੁਕੱਦਮਾ ਨੰ: 382<br>ਮਿਤੀ:06-12-22<br>ਜੁਰਮ:457,380,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਅਤੁਲ ਕੁਮਾਰ ਚੌਬੇ<br>ਗਰੁੱਪ ਐਚ.ਆਰ ਹੈੱਡ ਇੰਡ- ਸਵਿਫਟ ਲੈਬੋਰੇਟਰੀਜ ਲਿਮ: ਪਿੰਡ ਭਗਵਾਨਪੁਰ ਡੇਰਾਬਸੀ ਜਿਲਾ ਐਸ.ਏ.ਐਸ.ਨਗਰ<br>98140-01246 | ਨਾ-ਮਾਲੂਮ ਵਿਅਕਤੀ/ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਇੱਕ ਦਰਖਾਸਤ ਮੁੱਖ ਅਫਸਰ ਥਾਣਾ ਪਾਸ ਦਿੱਤੀ ਜਿਸ ਵਿੱਚ ਦੱਸਿਆ ਕਿ ਮਿਤੀ 21-10-22 ਨੂੰ ਵੇਅਰਹਾਊਸ ਡਿਪਾਰਟਮੈਂਟ ਵੱਲੋਂ 20.85 ਕਿ.ਗ੍ਰ. ਪੈਲੇਡੀਅਮ ਕਾਰਬਨ 10% ਜਾਰੀ ਹੋਇਆ ਸੀ। ਜਿਸ ਵਿੱਚੋਂ 5.56 ਕਿ.ਗ. ਵਰਤੋਂ ਕਰਨ ਤੋਂ ਬਾਅਦ ਬਾਕੀ 15.29 ਕਿ.ਗ੍ਰ. ਪੈਲੇਡੀਅਮ ਕਾਰਬਨ ਹਾਇਡ੍ਰੋ ਜੈਨਰੇਟਰ ਰੂਮ ਵਿੱਚ ਰਖਵਾ ਦਿੱਤਾ ਸੀ। ਜੋ ਕਿ ਹੁਣ ਕੰਪਨੀ ਵਿੱਚੋਂ ਗਾਇਬ ਹੈ ਜਿਸ ਨੂੰ ਕਿਸੇ ਨਾ-ਮਾਲੂਮ ਵਿਅਕਤੀ/ਵਿਅਕਤੀਆਂ ਨੇ ਚੋਰੀ ਕਰ ਲਿਆ ਹੈ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 13 | ਮੁਕੱਦਮਾ ਨੰ:383<br>ਮਿਤੀ:06-12-22<br>ਜੁਰਮ:61-1-14 ਐਕਸਾਈਜ਼ ਐਕਟ<br>ਥਾਣਾ:- ਡੇਰਾਬਸੀ | ਹੌਲਦਾਰ ਬਲਬੀਰ ਸਿੰਘ<br>ਚੌਂਕੀ ਮੁਬਾਰਿਕਪੁਰ<br>81469-97571 | ਗੋਰੇ ਲਾਲ ਬਸੋਰ ਪੁੱਤਰ ਰਾਮ ਸਨੇਹੀ ਬਸੋਰ ਵਾਸੀ ਨਗੋਈ ਗ੍ਰਾਮ ਫੁਲਵਾਰੀ ਪੌਂਡੀ ਮੱਧ ਪ੍ਰਦੇਸ਼ ਹਾਲ ਵਾਸੀ ਝੁਗੀਆਂ ਪੀ.ਡਬਲਿਯੂ.ਡੀ ਰੈਸਟ ਹਾਊਸ ਮੁਬਾਰਿਕਪੁਰ | ਅੱਜ ਮਨ ਹੌਲਦਾਰ ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਸਟੈਂਡ ਮੁਬਾਰਿਕਪੁਰ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਚੰਡੀਗੜ੍ਹ/ ਹਰਿਆਣਾ ਤੋਂ ਸਸਤੀ ਸ਼ਰਾਬ ਲਿਆ ਕੇ ਵੇਚਣ ਦਾ ਧੰਦਾ ਕਰਦਾ ਹੈ। ਜੋ ਅੱਜ ਵੀ ਆਪਣੇ ਮੋਟਰ ਸਾਈਕਲ ਨੰਬਰੀ ਐਚ.ਆਰ-02ਐਚ-1671 ਮਾਰਕਾ ਸਪਲੈਂਡਰ ਪਰ ਚੰਡੀਗੜ੍ਹ/ਹਰਿਆਣਾ ਤੋਂ ਸ਼ਰਾਬ ਲੈ ਕੇ ਆ ਰਿਹਾ ਹੈ। ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਉਕਤ ਦੋਸ਼ੀ ਸ਼ਰਾਬ ਸਮੇਤ ਕਾਬੂ ਆ ਸਕਦਾ ਹੈ। ਤੁਰੰਤ ਨਾਕਾਬੰਦੀ ਕਰਕੇ ਉਕਤ ਦੋਸ਼ੀ ਨੂੰ ਕਾਬੂ ਕੀਤਾ ਗਿਆ ਜਿਸ ਪਾਸੋਂ 35 **ਬੋਤਲਾਂ** ਸ਼ਰਾਬ ਮਾਰਕਾ ਦੇਸੀ ਸੰਤਰਾ ਬਰਾਮਦ ਹੋਈਆਂ। |
| 14 | ਮੁਕੱਦਮਾ ਨੰ: 186<br>ਮਿਤੀ:06-12-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ:- ਲਾਲੜੂ | ਰਾਕੇਸ਼ ਕੁਮਾਰ ਪੁੱਤਰ ਰਾਮ ਚਰਨ ਵਾਸੀ ਪੁਰਾਣਾ ਬਜਾਰ ਪਹੇਵਾ ਜਿਲਾ ਕੁਰੂਕਸ਼ੇਤਰ ਹਰਿਆਣਾ<br>ਉਮਰ ਕਰੀਬ 60 ਸਾਲ<br>70150-20228 | ਕਾਰ ਨੰਬਰੀ ਪੀ.ਬੀ-65ਏ.ਡੀ-2429 ਦਾ ਨਾ-ਮਾਲੂਮ ਡਰਾਈਵਰ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਖੇਤੀਬਾੜੀ ਦਾ ਕੰਮ ਕਰਦਾ ਹਾਂ। ਮਿਤੀ 05-12-22 ਨੂੰ ਮੈਂ ਅਤੇ ਮੇਰਾ ਲੜਕਾ ਕੁਨਾਲ ਉਮਰ ਕਰੀਬ 32 ਸਾਲ ਘਰੇਲੂ ਕੰਮਕਾਰ ਸਬੰਧੀ ਆਪਣੇ ਮੋਟਰ ਸਾਈਕਲ ਨੰਬਰੀ ਐਚ.ਆਰ-85ਈ-0563 ਤੇ ਸਵਾਰ ਹੋ ਕੇ ਚੰਡੀਗੜ੍ਹ ਗਏ ਸੀ। ਅੱਜ ਅਸੀਂ ਦੋਵੇਂ ਜਣੇ ਆਪਣੇ ਮੋਟਰ ਸਾਈਕਲ ਤੇ ਚੰਡੀਗੜ੍ਹ ਤੋਂ ਆਪਣੇ ਘਰ ਨੂੰ ਵਾਇਆ ਡੇਰਾਬਸੀ ਵਾਪਿਸ ਜਾ ਰਹੇ ਸੀ ਤਾਂ ਵਕਤ ਕਰੀਬ 05:00ਏ.ਐਮ ਦਾ ਹੋਵੇਗਾ ਅਸੀਂ ਅੰਬਾਲਾ ਰੋਡ ਤੇ ਪਿੰਡ ਘੋਲੂ ਮਾਜਰਾ ਤੋਂ ਥੋੜਾ ਅੱਗੇ ਪਿਸ਼ਾਬ ਕਰਨ ਲਈ ਰੁਕੇ ਤਾਂ ਡੇਰਾਬਸੀ ਸਾਈਡ ਤੋਂ ਇੱਕ ਕਾਰ ਨੰਬਰੀ ਪੀ.ਬੀ-65ਏ.ਡੀ-2429 ਮਾਰਕਾ ਫੋਰਡ ਫੀਗੋ ਬੜੀ ਤੇਜ਼ ਰਫਤਾਰੀ ਨਾਲ ਆਈ ਜਿਸ ਦੇ ਨਾ-ਮਾਲੂਮ ਚਾਲਕ ਨੇ ਕਾਰ ਨੂੰ ਅਣਗਹਿਲੀ ਨਾਲ ਚਲਾਉਂਦੇ ਹੋਏ ਮੇਰੇ ਲੜਕੇ ਕੁਨਾਲ ਨੂੰ ਸਾਈਡ ਮਾਰ ਕੇ ਐਕਸੀਡੈਂਟ ਕਰ ਦਿੱਤਾ। ਜਿਸ ਕਾਰਨ ਕੁਨਾਲ ਦੇ ਕਾਫੀ ਸੱਟਾਂ ਲੱਗੀਆਂ ਅਤੇ ਉਹ ਬੇਹੋਸ਼ ਹੋ ਗਿਆ। ਮੈਂ ਰਾਹਗੀਰਾਂ ਦੀ ਮੱਦਦ ਨਾਲ ਦੱਪਰ ਟੋਲ ਪਲਾਜ਼ਾ ਦੀ ਐਂਬੂਲੈਂਸ ਵਿੱਚ ਆਪਣੇ ਲੜਕੇ ਕੁਨਾਲ ਨੂੰ ਸਿਵਲ ਹਸਪਤਾਲ ਡੇਰਾਬਸੀ ਲੈ ਕੇ ਗਿਆ ਜਿੱਥੇ ਡਾਕਟਰ ਸਾਹਿਬ ਨੇ ਮੇਰੇ ਲੜਕੇ ਨੂੰ ਚੈੱਕ ਕਰਕੇ ਮ੍ਰਿਤਕ ਘੋਸ਼ਿਤ ਕਰ ਦਿੱਤਾ। |